ਵਾਹਿਗੁਰੂ ਜੀ ਕੀ ਫਤਹਿ

# INSTITUTE OF SIKH STUDIES (REGD)

GURDWARA SINGH SABHA, KANTHALA, IA, PHASE II, TRIBUNE CHOWK, CHANDIGARH - 160002
Phone: +91 172 2642580, 2642581
Email: iosschd@gmail.com; Web: www.sikhinstitute.org

S Gurdev Singh, IAS (retd)
Patron
+91 172 2600410

Dr Kirpal Singh, Prof Emer
Chairman
Sikh History Project
+91 9316005061

EXECUTIVE COMMITTEE

Dr Birendra Kaur
President
+91 9888901024

Bhai Ashok Singh
Vice-President
+91 9814095308

S Sadhu Singh
Secretary
+91 9878019793

S Ishwinder Singh
Jt Secretary
+91 9815164749

S Gurpreet Singh
Treasurer
+91 9815193839

Bibi Baljit Kaur
Member
+91 9872923851

Lt Gen Kartar Singh PVSM
Member
+91 9814499969

Ref:IOSS/2015/July/3

ਜੁਲਾਈ 7, 2014

ਸੇਵਾ ਵਿਖੇ,
ਸਿੰਘ ਸਾਹਿਬ ਜਥੇਦਾਰ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ

ਵਿਸ਼ਾ: ਧਾਰਾ 25: ਕੇਵਲ ਸਰਕਾਰ ਨੂੰ ਕਮਿਸ਼ਨ ਦੀ ਸਿਫਾਰਸ਼ ਲਾਗੂ ਕਰਨ ਦੀ ਮੰਗ ਤੇ ਜ਼ੋਰ ਦੇਣ ਦੀ ਲੋੜ

ਸਤਿਕਾਰਯੋਗ ਜਥੇਦਾਰ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ।

ਬੇਨਤੀ ਹੈ ਕਿ ਆਪ ਜੀ ਦੀ ਸੇਵਾ ਵਿੱਚ ਵਿਸਥਾਰ ਪੂਰਵਕ ਪੱਤਰ (ਮਿਤੀ 26-9-2013) ਲਿਖ ਕੇ ਆਪ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਧਾਰਾ 25 ਕਿਵੇਂ ਸਿੱਖ ਧਰਮ ਦੀ ਨਿਆਰੀ ਤੇ ਖੁਦਮੁਖਤਿਆਰ ਹੋਂਦ ਨੂੰ ਗਲਤ ਬਿਆਨੀ ਕਰ ਕੇ ਹਿੰਦੂ ਧਰਮ ਦਾ ਅੰਗ ਕਰਾਰ ਦਿੰਦੀ ਹੈ । ਇਸ ਪੱਤਰ ਤੇ ਇਸ ਤੋਂ ਬਾਅਦ ਆਪ ਜੀ ਨੂੰ ਲਿਖੇ ਗਏ ਪੱਤਰਾ ਦੀਆਂ ਨਕਲਾਂ ਆਪ ਜੀ ਦੀ ਸਹੂਲਤ ਲਈ ਨਾਲ ਨੱਥੀ ਕਰ ਰਹੇ ਹਾਂ ।

ਪਹਿਲਾਂ, ਧਾਰਾ 25 ਦੀ ਗੁੰਝਲਦਾਰ ਸ਼ਬਦਾਵਲੀ ਕਰਕੇ ਸਥਿਤੀ ਅਸਪਸ਼ਟ ਸੀ । ਪਰ 8-8-2005 ਨੂੰ ਸੁਪਰੀਮ ਕੋਰਟ ਨੇ ਸਾਫ਼ ਕਹਿ ਦਿੱਤਾ ਸੀ ਕਿ ਸਿੱਖ ਹਿੰਦੂ ਧਰਮ ਦਾ ਅੰਗ ਹਨ । ਕਾਨੂੰਨੀ ਸਪੱਸ਼ਟਤਾ ਲੈਣ ਲਈ ਇਸ ਤੋਂ ਉਚੀ ਕੋਈ ਥਾਂ ਨਹੀਂ ।

ਭਾਰਤ ਸਰਕਾਰ ਨੇ ਆਪਣੇ ਮਿਤੀ 22-2-2000 ਦੇ ਫੈਸਲੇ ਅਨੁਸਾਰ, ਸੰਵਿਧਾਨ ਵਿੱਚ ਸੋਧਾਂ ਦੀ ਸਿਫਾਰਸ਼ ਕਰਨ ਲਈ ਇਕ ਉੱਚ-ਪੱਧਰੀ ਕਾਨੂੰਨ ਦੇ ਮਾਹਿਰਾਂ ਦੀ 11 ਮੈਂਬਰੀ ਕਮਿਸ਼ਨ ਸੰਗਠਿਤ ਕੀਤਾ ਜਿਸ ਦੀ ਅਗਵਾਈ ਭਾਰਤ ਦੇ ਰਿਟਾਇਰਡ ਚੀਫ ਜਸਟਿਸ ਨੇ ਕੀਤੀ । ਐਸ. ਜੀ. ਪੀ. ਸੀ. ਤੇ ਹੋਰ ਸਿੱਖ ਜਥੇਬੰਦੀਆਂ ਨੇ ਕਮਿਸ਼ਨ ਨੂੰ ਧਾਰਾ 25 ਵਿੱਚ ਸੋਧ ਕਰਨ ਲਈ ਦਲੀਲਾਂ ਪੇਸ਼ ਕੀਤੀਆਂ । ਕਮਿਸ਼ਨ ਨੇ ਸਿੱਖਾਂ ਦੀਆਂ ਦਲੀਲਾਂ ਸਵੀਕਾਰ ਕਰਕੇ, ਧਾਰਾ 25 ਵਿੱਚ ਸੋਧ ਕਰਨ ਲਈ ਭਾਰਤ ਸਰਕਾਰ ਨੂੰ ਸਿਫਾਰਿਸ਼ ਕੀਤੀ, ਜਿਸ ਨੂੰ 10 ਸਾਲ ਹੋ ਗਏ ਹਨ । ਪਰ ਇਸ ਸਿਫਾਰਿਸ਼ ਤੇ ਭਾਰਤ ਸਰਕਾਰ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ।

ਕਿਉਂ ਜੋ ਦੇਸ਼ ਦੇ ਕਾਨੂੰਨੀ ਮਾਹਿਰਾਂ ਨੇ ਸਿੱਖਾਂ ਦੀ ਇਸ ਮੰਗ ਦੀ ਪੈਰਵੀ ਕਰ ਦਿੱਤੀ ਹੈ ਇਸ ਕਰਕੇ ਸਿੱਖਾਂ ਨੂੰ ਸਿਰਫ ਭਾਰਤ ਸਰਕਾਰ ਨੂੰ ਧਾਰਾ 25 ਬਾਰੇ ਕਮਿਸ਼ਨ ਦੀ ਸਿਫਾਰਿਸ਼ ਲਾਗੂ ਕਰਨ ਲਈ ਕਹਿਣ ਦੀ ਹੀ ਲੋੜ ਹੈ । ਭਾਰਤ ਤੋਂ ਬਾਹਰ ਪੱਛਮ ਦੇ ਹੋਰਨਾਂ ਧਰਮਾਂ ਦੇ ਵਿਦਵਾਨਾਂ ਤੇ ਵਿਚਾਰਵਾਨਾਂ ਨੇ ਕਾਫੀ ਦੇਰ ਤੋਂ ਇਹ ਰਾਏ ਪ੍ਰਗਟ ਕੀਤੀ ਹੋਈ ਹੈ ਕਿ ਭਾਰਤ ਦੇ ਸੰਵਿਧਾਨ ਦੀ ਧਰਮ ਨਿਰਪੱਖਤਾ ਹਿੰਦੂ ਪੱਖੀ ਹੈ ਅਤੇ ਧਾਰਾ 25(2) (ਬੀ) ਬੁਨਿਆਦੀ ਤੌਰ ਤੇ ਦੇਸ਼ ਦਾ ਧਰਮ ਨਿਰਪੱਖ ਗੁਣ ਹਿੰਦੂਆਂ ਦੇ ਹੱਕ ਵਿੱਚ ਕਰਕੇ ਕਮਜ਼ੋਰ ਕਰਦੀ ਹੈ । ਐਕਸਪਲਾਨੇਸ਼ਨ 2 [(ਧਾਰਾ 25(2)] ਭਾਰਤ ਵਿਚਲੇ ਸਿੱਖ, ਬੋਧੀ ਤੇ ਜੈਨਾਂ ਨੂੰ ਹਿੰਦੂ ਧਰਮ ਵਿੱਚ ਜਜ਼ਬ ਕਰਦੀ ਹੈ ।

ਧਾਰਾ 25 ਸਮੁੱਚੇ ਸਿੱਖ ਜਗਤ ਨੂੰ ਹਿੰਦੂ ਕਰਾਰ ਦਿੰਦੀ ਹੈ ਜਿਸ ਕਾਰਨ ਕਾਨੂੰਨੀ ਤੌਰ ਸਿੱਖ ਜਗਤ ਦਾ ਹਿੰਦੂ ਧਰਮ ਵਿੱਚ ਪਰਵਰਤਨ ਹੋ ਜਾਂਦਾ ਹੈ । ਇਸ ਕਰਕੇ ਸਿੱਖਾਂ ਤੇ ਸਾਰੇ ਹਿੰਦੂ ਕਾਨੂੰਨ ਲਾਗੂ ਹੁੰਦੇ ਹਨ । ਇਹ ਸਿੱਖਾਂ

ਧਰਮ ਵਿੱਚ ਪਰਵਰਤਨ ਹੋ ਜਾਂਦਾ ਹੈ । ਇਸ ਕਰਕੇ ਸਿੱਖਾਂ ਤੇ ਸਾਰੇ ਹਿੰਦੂ ਕਾਨੂੰਨ ਲਾਗੂ ਹੁੰਦੇ ਹਨ । ਇਹ ਸਿੱਖਾਂ
ਦੇ ਆਪਣੀ ਮਰਜ਼ੀ ਨਾਲ ਧਰਮ ਅਪਨਾਉਣ ਦੇ ਬੁਨਿਆਦੀ ਹੱਕ ਨੂੰ ਖਤਮ ਕਰਦੀ ਹੈ ।

ਇਹ ਇਕ ਧਾਰਮਿਕ ਮਸਲਾ ਹੋਣ ਕਰਕੇ ਸਾਡੇ ਵਿਦਵਾਨਾਂ ਨੇ ਗੁਰਬਾਣੀ, ਸਿੱਖ ਫਲਾਸਫੀ, ਗੁਰੂ ਸਾਹਿਬਾਨ ਦੇ ਹੁਕਮਨਾਮੇਂ ਤੇ ਸਿੱਖ ਵਿਚਾਰਧਾਰਾ ਦਾ ਅਧਿਐਨ ਕੀਤਾ ਹੈ । ਇਹ ਗੱਲ ਸਪਸ਼ਟ ਰੂਪ ਵਿੱਚ ਸਾਹਮਣੇ ਆਈ ਹੈ ਕਿ ਸਿੱਖ ਧਰਮ ਇਕ ਨਿਰਮਲ ਤੇ ਨਿਆਰਾ ਧਰਮ ਹੈ ਤੇ ਬਿਲਕੁਲ ਆਜ਼ਾਦ ਧਰਮ ਹੈ । ਇੱਥੇ ਤੁਹਾਡਾ ਧਿਆਨ ਭੈਰਉ ਰਾਗ (ਮਹਲਾ 5) ਦੇ ਪੰਨਾਂ 1136 ਵੱਲ ਦਵਾਉਂਦੇ ਹਾਂ, ਜਿੱਥੇ ਗੁਰੂ ਸਾਹਿਬ ਨੇ ਸਪਸ਼ਟ ਐਲਾਨ ਕੀਤਾ ਹੈ ਕਿ 'ਨਾ ਅਸੀਂ ਹਿੰਦੂ ਹਾਂ ਨਾ ਮੁਸਲਮਾਨ ।' ਇਸ ਕਰਕੇ ਸਿੱਖਾਂ ਨੂੰ ਹਿੰਦੂ ਕਹਿਣਾ ਗਲਤ ਬਿਆਨੀ ਹੈ ।

ਧਾਰਾ 25 ਦੀ ਸੋਧ ਨਾਲ ਭਾਰਤੀ ਧਰਮ-ਨਿਰਪੱਖਤਾ ਮਜਬੂਤ ਹੁੰਦੀ ਹੈ ਅਤੇ ਦੇਸ਼ ਦੀ ਅਖੰਡਤਾ ਨੂੰ ਤਾਕਤ ਮਿਲਦੀ ਹੈ । ਇਸ ਨਾਲ ਕਿਸੇ ਦਾ ਕੋਈ ਨੁਕਸਾਨ ਨਹੀਂ ਹੁੰਦਾ ਅਤੇ ਨਾ ਹੀ ਹਿੰਦੂ-ਸਿੱਖ ਏਕਤਾ ਨੂੰ ਕੋਈ ਠੇਸ ਪੁੱਜਦੀ ਹੈ । ਗੁਰੂ ਜੀ ਨੇ ਸਾਨੂੰ ਸਭ ਧਰਮਾਂ ਨਾਲ ਪਿਆਰ ਤੇ ਏਕਤਾ ਦਾ ਉਪਦੇਸ਼ ਦਿੱਤਾ ਹੈ । ਆਪ ਜੀ ਇਹ ਵੀ ਵਿਚਾਰਨ ਦੀ ਕਿਰਪਾ ਕਰੋ ਕਿ ਕੀ ਧਾਰਾ 25 ਸਿੱਖਾਂ ਨੂੰ ਹਿੰਦੂ ਕਰਾਰ ਦੇ ਕੇ ਗੁਰਬਾਣੀ ਦੀ ਨਿਰਾਦਰੀ ਤਾਂ ਨਹੀਂ ਕਰਦੀ ?

ਧਾਰਾ 25 ਦੀ ਸੋਧ ਦਾ ਮਸਲਾ ਨਿਰੋਲ ਇਕ ਧਾਰਮਿਕ ਮਸਲਾ ਹੈ ਤੇ ਇਸ ਨੂੰ ਕੋਈ ਸਿਆਸੀ ਰੰਗਤ ਨਹੀਂ ਲੱਗਣੀ ਚਾਹੀਦੀ । ਇਹ ਇਕ ਸਭ ਤੋਂ ਜ਼ਰੂਰੀ ਅਤੇ ਅਹਿਮ ਮਸਲਾ ਹੈ ਜੋ ਆਪ ਜੀ ਦਾ ਧਿਆਨ ਲੋੜਦਾ ਹੈ । ਸਿੱਖੀ ਦੇ ਬੂਟੇ ਨੂੰ ਗੁਰੂ ਸਾਹਿਬਾਨ ਨੇ ਆਪਣੇ ਖੂਨ ਨਾਲ ਸਿੰਜਿਆ ਹੈ । ਇਸ ਦਾ ਨਿਰਮਲ ਤੇ ਨਿਆਰਾ ਰਹਿਣਾ ਸਾਡੀ ਜਾਨ ਨਾਲੋਂ ਜ਼ਿਆਦਾ ਜ਼ਰੂਰੀ ਹੈ ।

ਆਪ ਸਾਡੇ ਵਿਦਵਾਨਾਂ ਨੂੰ ਜਦੋਂ ਚਾਹੋ ਬੁਲਾ ਕੇ ਵਿਸਥਾਰ ਪੂਰਵਕ ਜਾਣਕਾਰੀ ਲੈ ਸਕਦੇ ਹੋ । ਉਹ ਹਰ ਵਕਤ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹਨ।

ਨਿੱਘੇ ਆਦਰ ਸਹਿਤ,

(ਬਰਿੰਦਰਾ ਕੌਰ)
ਪ੍ਰਧਾਨ,
ਇੰਸਟੀਚਿਊਟ ਆਫ ਸਿੱਖ ਸਟੱਡੀਜ਼

(ਸੰਤੋਖ ਸਿੰਘ)
ਕਨਵੀਨਰ, ਸਬ-ਕਮੇਟੀ ਆਰਟੀਕਲ 25
ਇੰਸਟੀਚਿਊਟ ਆਫ ਸਿੱਖ ਸਟੱਡੀਜ਼